## ਆਮ ਪੁੱਛੇ ਜਾਂਦੇ ਸਵਾਲ

### ਜੇ ਮੈਂ ਘਰ ਜਾਣ ਲਈ ਤਿਆਰ ਨਾ ਮਹਿਸੂਸ ਕਰਾਂ ਤਾਂ ਕੀ ਹੋਵੇਗਾ?

ਤੁਹਾਡੀਆਂ ਲੋੜਾਂ ਵਿਚ ਮਦਦ ਕਰਨ ਲਈ ਅਸੀਂ ਤੁਹਾਡੇ ਅਤੇ ਤੁਹਾਡੇ ਪਰਿਵਾਰ/ਦੋਸਤਾਂ ਨਾਲ ਰਲ ਕੇ ਕੰਮ ਕਰਾਂਗੇ।

### ਜੇ ਮੈਨੂੰ ਘਰ ਵਿਚ ਮਦਦ ਦੀ ਲੋੜ ਹੋਵੇ ਤਾਂ ਕੀ ਹੋਵੇਗਾ?

ਜੇ ਤੁਹਾਨੂੰ ਘਰ ਵਿਚ ਰਹਿਣਾ ਔਖਾ ਲੱਗੇ ਤਾਂ ਇਸ ਦਾ ਹੱਲ ਲੱਭਣ ਲਈ ਅਸੀਂ ਤੁਹਾਡੇ ਨਾਲ ਰਲ ਕੇ ਕੰਮ ਕਰਾਂਗੇ। ਇਸ ਵਿਚ ਤੁਹਾਨੂੰ ਇਲਾਕੇ ਵਿਚਲੀਆਂ ਸੁਪੋਰਟ ਸਰਵਿਸਿਜ਼ (ਸਹਾਇਤਾ ਸੇਵਾਵਾਂ) ਕੋਲ ਰੈਫਰ ਕਰਨਾ ਸ਼ਾਮਲ ਹੋ ਸਕਦਾ ਹੈ ਜਿਸ ਨੂੰ 'ਹੋਮ ਹੈਲਥ' ਆਖਿਆ ਜਾਂਦਾ ਹੈ।

### ਮੇਰੀ ਆਊਟਪੇਸ਼ੈਂਟ ਰੀਹੈਬਲੀਟੇਸ਼ਨ ਕਿੰਨਾ ਚਿਰ ਚੱਲੇਗੀ?

ਆਪਣੇ ਹਸਪਤਾਲ ਵਿਚ ਠਹਿਰਾਅ ਤੋਂ ਬਾਅਦ ਤੁਹਾਨੂੰ ਆਊਟਪੇਸ਼ੈਂਟ ਰੀਹੈਬਲੀਟੇਸ਼ਨ ਦੀ ਲੋੜ ਹੋ ਸਕਦੀ ਹੈ ਜਾਂ ਨਹੀਂ ਹੋ ਸਕਦੀ ਹੈ। ਜੇ ਤੁਹਾਨੂੰ ਲੋੜ ਹੋਵੇ ਤਾਂ ਤੁਹਾਡਾ ਆਊਟਪੇਸ਼ੈਂਟ ਥੈਰੇਪਿਸਟ, ਤੁਹਾਡੇ ਟੀਚਿਆਂ ਦੇ ਆਧਾਰ 'ਤੇ ਤੁਹਾਡੀ ਰੀਹੈਬਲੀਟੇਸ਼ਨ ਦੀ ਲੰਬਾਈ ਦਾ ਫੈਸਲਾ ਕਰਨ ਕਰਨ ਲਈ ਤੁਹਾਡੇ ਨਾਲ ਰਲ ਕੇ ਕੰਮ ਕਰਦਾ ਹੈ।

### ਕੀ ਮੈਨੂੰ ਆਪਣੇ ਰੀਹੈਬਲੀਟੇਸ਼ਨ ਸੈਸ਼ਨਾਂ ਦਾ ਖਰਚਾ ਦੇਣਾ ਪਵੇਗਾ?

ਨਹੀਂ – ਜੇ ਤੁਸੀਂ ਬੀ ਸੀ ਮੈਡੀਕਲ ਸਰਵਿਸਿਜ਼ ਪਲੈਨ ਨਾਲ ਕਵਰ ਹੋ ਤਾਂ ਤੁਹਾਡੀ ਇਨਪੇਸ਼ੈਂਟ (ਦਾਖਲੇ ਵਾਲੀ) ਅਤੇ ਆਊਟਪੇਸ਼ੈਂਟ (ਬਾਹਰੀ) ਰੀਹੈਬਲੀਟੇਸ਼ਨ ਮੁਫਤ ਹੈ।

### ਕੀ ਫਰੇਜ਼ਰ ਹੈਲਥ ਮੇਰੇ ਲਈ ਆਉਣ ਜਾਣ ਦਾ ਪ੍ਰਬੰਧ ਕਰੇਗੀ?

ਆਪਣੀ ਅਪੌਇੰਟਮੈਂਟ ਵਾਲੇ ਦਿਨ ਆਊਟਪੇਸ਼ੈਂਟ ਕਲੀਨਿਕ ਆਉਣ ਅਤੇ ਉੱਥੋਂ ਜਾਣ ਦੇ ਪ੍ਰਬੰਧ ਲਈ ਤੁਸੀਂ ਜ਼ਿੰਮੇਵਾਰ ਹੋ।

ਅਸੀਂ ਕਈ ਹਫਤੇ ਪਹਿਲਾਂ ਤੁਹਾਡੀਆਂ ਅਪੌਇੰਟਮੈਂਟ ਦੀਆਂ ਤਾਰੀਕਾਂ ਦਿੰਦੇ ਹਾਂ। ਇਸ ਨਾਲ ਕਿਸੇ ਤੋਂ ਰਾਈਡ ਲੈਣ ਦਾ ਪ੍ਰਬੰਧ ਕਰਨਾ ਤੁਹਾਡੇ ਲਈ ਸੌਖਾ ਬਣਨਾ ਚਾਹੀਦਾ ਹੈ।

ਜੇ ਤੁਹਾਡੇ ਕੋਲ ਕੋਈ ਉਪਲਬਧ ਨਹੀਂ ਹੈ ਤਾਂ ਅਸੀਂ ਹੋਰ ਚੋਣਾਂ ਬਾਰੇ ਤੁਹਾਡੇ ਨਾਲ ਗੱਲ ਕਰ ਸਕਦੇ ਹਾਂ ਜਿਵੇਂ ਕਿ ਹੈਂਡੀਡਾਰਟ ਦੀਆਂ ਸੇਵਾਵਾਂ ਜਾਂ ਲੋੜ ਮੁਤਾਬਕ ਟ੍ਰਾਂਸਪੋਰਟੇਸ਼ਨ ਦੀਆਂ ਹੋਰ ਕਿਸਮਾਂ।

ਜੇ ਆਉਣ ਜਾਣ ਦਾ ਪ੍ਰਬੰਧ ਤੁਹਾਡੇ ਲਈ ਕੋਈ ਫਿਕਰ ਹੈ ਤਾਂ ਕਿਰਪਾ ਕਰਕੇ ਸਾਨੂੰ ਇਸ ਬਾਰੇ ਦੱਸੋ।

ਜੇ ਤੁਹਾਡੇ ਮਨ ਵਿਚ ਕੋਈ ਹੋਰ ਸਵਾਲ ਹੋਣ ਤਾਂ ਕਿਰਪਾ ਕਰਕੇ ਆਪਣੇ ਥੈਰੇਪਿਸਟ ਨਾਲ ਜਾਂ ਪੇਸ਼ੈਂਟ ਕੇਅਰ ਕੋਆਰਡੀਨੇਟਰ ਨਾਲ ਗੱਲ ਕਰੋ।

www.fraserhealth.ca

ਇਹ ਜਾਣਕਾਰੀ ਉਸ ਸਲਾਹ ਦਾ ਬਦਲ ਨਹੀਂ ਹੈ ਜਿਹੜੀ ਤੁਹਾਨੂੰ ਤੁਹਾਡੇ ਡਾਕਟਰ ਵਲੋਂ ਦਿੱਤੀ ਗਈ ਸੀ।

Catalogue #266440 (March 2020) Punjabi
To order: patienteduc.fraserhealth.ca

Punjabi

# ਮੇਰੀ ਛੁੱਟੀ ਦੀ ਤਾਰੀਕ ਬਾਰੇ

# About My Discharge Date

## ਸਟਰੋਕ ਦੇ ਮਰੀਜ਼ਾਂ ਲਈ ਜਾਣਕਾਰੀ

## Information for Stroke Patients

ਰੀਹੈਬਲੀਟੇਸ਼ਨ ਪ੍ਰੋਗਰਾਮ
Rehabilitation Program



fraserhealth
Better health.
Best in health care.

ਤੁਸੀਂ ਸਾਡੇ ਰੀਹੈਬਲੀਟੇਸ਼ਨ (ਰੀਹੈਬ) ਯੂਨਿਟ ਵਿਚ ਇਸ ਕਰਕੇ ਹੋ ਕਿਉਂਕਿ ਤੁਹਾਨੂੰ ਸਟਰੋਕ ਹੋਇਆ ਸੀ।

## ਮੈਨੂੰ ਛੁੱਟੀ ਮਿਲਣ ਦੀ ਅੰਦਾਜ਼ਨ ਤਾਰੀਕ ਕੀ ਹੈ?

ਇਹ ਉਹ ਤਾਰੀਕ ਹੈ ਜਦੋਂ ਤੁਹਾਡੀ ਰੀਹੈਬ ਟੀਮ ਉਮੀਦ ਰੱਖਦੀ ਹੈ ਕਿ ਤੁਸੀਂ ਘਰ ਜਾਣ ਦੇ ਯੋਗ ਹੋ ਸਕਦੇ ਹੋ। ਅਸੀਂ ਇਸ ਨੂੰ ਛੁੱਟੀ ਮਿਲਣ ਦੀ ਅੰਦਾਜ਼ਨ ਤਾਰੀਕ (ਐਸਟੀਮੇਟਿਡ ਡਿਸਚਾਰਜ ਡੇਟ) ਆਖਦੇ ਹਾਂ।

ਤੁਹਾਡੀ ਛੁੱਟੀ ਮਿਲਣ ਦੀ ਅੰਦਾਜ਼ਨ ਤਾਰੀਕ ਇਸ ਚੀਜ਼ ਦੇ ਆਧਾਰ ’ਤੇ ਹੈ ਕਿ ਇਸ ਤਰ੍ਹਾਂ ਦੇ ਸਟਰੋਕ ਵਾਲੇ ਹੋਰ ਲੋਕਾਂ ਦੇ ਰਾਜ਼ੀ ਹੋਣ ਬਾਰੇ ਕੀ ਜਾਣਕਾਰੀ ਹੈ।

ਅਸੀਂ ਛੁੱਟੀ ਮਿਲਣ ਦੀ ਤੁਹਾਡੀ ਅੰਦਾਜ਼ਨ ਤਾਰੀਕ ਤੁਹਾਡੇ ਕਮਰੇ ਵਿਚਲੇ ਚਿੱਟੇ ਬੋਰਡ ਉੱਪਰ ਲਿਖਦੇ ਹਾਂ।

ਸਾਡੇ ਯੂਨਿਟ ਵਿਚ ਤੁਹਾਨੂੰ ਦਾਖਲ ਕੀਤੇ ਜਾਣ ਵਾਲੇ ਦਿਨ ਤੋਂ ਬਾਅਦ 1 ਹਫਤੇ ਦੇ ਵਿਚ ਵਿਚ ਅਸੀਂ ਤੁਹਾਡੀ ਛੁੱਟੀ ਮਿਲਣ ਦੀ ਅੰਦਾਜ਼ਨ ਤਾਰੀਕ ਦਾ ਫੈਸਲਾ ਕਰਦੇ ਹਾਂ।

ਜਿਵੇਂ ਜਿਵੇਂ ਅਸੀਂ ਤੁਹਾਡੇ ਬਾਰੇ ਜ਼ਿਆਦਾ ਜਾਣਦੇ ਹਾਂ, ਤੁਹਾਡੀ ਛੁੱਟੀ ਮਿਲਣ ਦੀ ਅੰਦਾਜ਼ਨ ਤਾਰੀਕ ਬਦਲ ਸਕਦੀ ਹੈ।



## ਮੈਂ ਕਿਵੇਂ ਤਿਆਰੀ ਕਰ ਸਕਦਾ/ਸਕਦੀ ਹਾਂ?

ਆਪਣੇ ਠਹਿਰਾਅ ਦੇ ਸ਼ੁਰੂ ਵਿਚ ਹੀ ਛੁੱਟੀ ਦੇ ਅਸਲੀਅਤ ਵਾਲੇ ਟੀਚਿਆਂ ਬਾਰੇ ਆਪਣੀ ਰੀਹੈਬ ਟੀਮ ਨਾਲ ਗੱਲ ਕਰੋ।

ਜਿੰਨਾ ਵੀ ਛੇਤੀ ਸੰਭਵ ਹੋਵੇ ਆਪਣੇ ਘਰ ਲਈ ਸਾਜ਼-ਸਾਮਾਨ ਅਤੇ ਮਦਦਾਂ ਦਾ ਪ੍ਰਬੰਧ ਕਰਨਾ ਸ਼ੁਰੂ ਕਰੋ। ਤੁਹਾਡਾ ਥੈਰੇਪਿਸਟ ਤੁਹਾਨੂੰ ਇਹ ਦੱਸਣ ਦੇ ਯੋਗ ਹੋਵੇਗਾ ਕਿ ਤੁਹਾਨੂੰ ਕਿਨ੍ਹਾਂ ਚੀਜ਼ਾਂ ਦੀ ਲੋੜ ਹੋ ਸਕਦੀ ਹੈ।

## ਮੈਨੂੰ ਛੁੱਟੀ ਮਿਲਣ ਦੀ ਤਾਰੀਕ ਪੱਕੀ ਕਦੋਂ ਹੁੰਦੀ ਹੈ?

ਜਦੋਂ ਸਾਨੂੰ ਤੁਹਾਡੀਆਂ ਰੀਹੈਬ ਲੋੜਾਂ ਦੀ ਬਿਹਤਰ ਸਮਝ ਆ ਗਈ, ਅਸੀਂ ਤੁਹਾਨੂੰ ਛੁੱਟੀ ਮਿਲਣ ਦੀ ਤਾਰੀਕ ਦੱਸਾਂਗੇ।

ਅਸੀਂ ਤੁਹਾਡੇ ਕਮਰੇ ਵਿਚ ਚਿੱਟੇ ਬੋਰਡ ਉੱਪਰ ਤੁਹਾਡੀ ਛੁੱਟੀ ਮਿਲਣ ਦੀ ਅੰਦਾਜ਼ਨ ਤਾਰੀਕ ਮਿਟਾ ਕੇ ਪੱਕੀ ਤਾਰੀਕ ਲਿਖਾਂਗੇ।


UNDERSTANDING MY STAY
Today's Date:
My Nurse is:
My Prefered Name:
Message or Questions from me or my Family
My Doctor Today:
Limits/Special Instructions:
My Goal or Plan for Today:
I am Going Home on:
fraserhealth

ਚਿੱਟੇ ਬੋਰਡ ਦੀ ਇਕ ਉਦਾਹਰਣ

## ਕੀ ਮੈਂ ਛੁੱਟੀ ਮਿਲਣ ਦੀ ਆਪਣੀ ਅੰਦਾਜ਼ਨ ਤਾਰੀਕ ਤੋਂ ਪਹਿਲਾਂ ਘਰ ਜਾ ਸਕਦਾ/ਸਕਦੀ ਹਾਂ?

ਤੁਸੀਂ ਪਹਿਲਾਂ ਘਰ ਜਾਣ ਦੇ ਯੋਗ ਹੋ ਸਕਦੇ ਹੋ ਜੇ:
- ਘਰ ਵਿਚ ਤੁਹਾਡੇ ਕੋਲ ਕਾਫੀ ਮਦਦ ਹੈ।
- ਤੁਸੀਂ ਆਪਣੇ ਘਰ ਵਿਚ ਸੁਰੱਖਿਅਤ ਤਰੀਕੇ ਨਾਲ ਦਾਖਲ ਹੋਣ ਅਤੇ ਬਾਹਰ ਨਿਕਲਣ ਦੇ ਯੋਗ ਹੋਵੋ।



ਘਰ ਜਾਣ ਤੋਂ ਬਾਅਦ, ਤੁਸੀਂ ਸਾਡੀ ਆਊਟਪੇਸ਼ੈਂਟ ਰੀਹੈਬਲੀਟੇਸ਼ਨ ਵਿਚ ਆਪਣੇ ਰਾਜ਼ੀ ਹੋਣ ਦੇ ਟੀਚਿਆਂ ’ਤੇ ਕੰਮ ਕਰਨਾ ਜਾਰੀ ਰੱਖਦੇ ਹੋ।

ਜਿਹੜੇ ਲੋਕ ਛੇਤੀ ਘਰ ਚਲੇ ਜਾਂਦੇ ਹਨ, ਉਹ ਅਕਸਰ ਜਲਦੀ ਰਾਜ਼ੀ ਹੁੰਦੇ ਹਨ ਅਤੇ ਉਨ੍ਹਾਂ ਦੀ ਰੀਹੈਬ ਦੇ ਨਤੀਜੇ ਓਹੋ ਜਿਹੇ ਹੀ ਜਾਂ ਬਿਹਤਰ ਹੁੰਦੇ ਹਨ।



ਪਲਟੋ… over…